ਬਜ਼ੁਰਗ ਔਰਤਾਂ ਦਾ ਵਾਰਤਾਲਾਪ ਪ੍ਰਾਜੈਕਟ

# ਤੁਹਾਡੇ ਸ਼ਬਦ ਬਹੁਤ ਕੀਮਤੀ ਹਨ

### ਬਜ਼ੁਰਗ ਔਰਤਾਂ ਦੀ ਚੰਗੇਰੀ ਜ਼ਿੰਦਗੀ ਦੇ ਰਸਤੇ ਦੀਆਂ ਰੁਕਾਵਟਾਂ ਦਾ ਪਤਾ ਲਾਉਣਾ

United Way Lower Mainland Community Partner

CANADIAN CENTRE FOR ELDER LAW

WEST COAST LEAF



## ਲਿੰਗ ਦਾ ਮਹੱਤਵ ਕਿਉਂ ਹੈ ?

ਹੁਣੇ ਹੁਣੇ ਕੈਨੇਡਾ ਵਿਚ ਕਾਫ਼ੀ ਚਰਚਾ ਹੁੰਦੀ ਰਹੀ ਹੈ ਕਿ ਸਾਡੀ ਅਬਾਦੀ ਕਿਵੇ ਬਜ਼ੁਰਗ ਹ਼ ਰਹੀ ਹੈ। ਪ੍ਰੰਤੂ ਬਜ਼ੁਰਗ ਅੰਰਤਾਂ ਦੀਆਂ ਮੁਸ਼ਕਲਾਂ ਵੱਲ ਬਹੁਤ ਘੱਟ ਧਿਆਨ ਦਿੱਤਾ ਗਿਆ ਹੈ। ਇਹ ਸਚਾਈ ਹੈ ਕਿ ਭਾਵੇ ਅਸੀ ਜਾਣਦੇ ਹਾਂ ਕਿ :

- ਅੰਰਤਾਂ, ਮਰਦਾਂ ਦੇ ਮੁਕਾਬਲੇ ਲੰਮੇਰੀ ਉਮਰ ਭੁਗਦੀਆਂ ਹਨ ;
- ਸਾਡੀਆਂ ਸਮੁਦਾਵਾਂ ਵਿਚ ਬਹੁਤ ਸਾਰੀਆਂ ਬਜ਼ੁਰਗ ਅੰਰਤਾਂ ਬਹੁਤ ਹੀ ਥ਼ੜ੍ਹੀ ਆਮਦਨ ਤੇ ਗੁਜ਼ਾਰਾ ਕਰ ਰਹੀਆਂ ਹਨ ; ਅਤੇ
- ਅੰਰਤਾਂ ਨੂੰ ਉਨ੍ਹਾਂ ਦੀ ਸਾਰੀ ਉਮਰ ਦੰਰਾਨ ਵਿਤਕਰੇ ਅਤੇ ਨਾ- ਬਰਾਬਰੀ ਸਹਿਣੀ ਪੈਂਦੀ ਹੈ।

ਬਜ਼ੁਰਗ ਔਰਤਾਂ ਦੀਆਂ ਸਮੱਸਿਆਵਾਂ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਣ ਦੀ ਲੋੜ ਹੈ, ਤਾਂ ਕਿ ਉਨ੍ਹਾਂ ਦੀ ਸੁਖਾਵੀ ਜ਼ਿੰਦਗੀ ਦੇ ਰਸਤੇ ਵਿਚ ਆ ਰਹੀਆਂ ਗੰਭੀਰ ਅੜਚਣਾਂ ਦਾ ਹੱਲ ਲੱਭਣ ਲਈ ਨੀਤੀਆਂ ਘੜੀਆਂ ਜਾਣ ਅਤੇ ਕਾਨੂੰਨੀ ਸੁਧਾਰ ਲਿਆਂਦੇ ਜਾਣ।

> *“ਕਿਉਂਕਿ ਮੈਂ ਕਿਸੇ ਖ਼ਾਸ ਉਮਰ ਦੀ ਔਰਤ ਹਾਂ, ਇਸਦਾ ਮਤਲਬ ਇਹ ਨਹੀ ਕਿ ਮੇਰੀ ਕੋਈ ਵੁੱਕਤ ਹੀ ਨਹੀ ਹੈ”*

## ਬਜ਼ੁਰਗ ਅੰਰਤਾਂ ਲਈ ਚੰਗੇਰੀ ਜ਼ਿੰਦਗੀ ਦੇ ਰਸਤੇ ਵਿਚ ਕੀ ਰੁਕਾਵਟਾਂ ਹਨ ?

ਸਾਲ 2012-13 ਵਿਚ ਕੈਨੇਡੀਅਨ ਸੈਂਟਰ ਫਾਰ ਐਲਡਰ ਲਾਅ (ਸੀ ਸੀ ਈ ਐਲ) ਅਤੇ ਵੈਸਟ ਕੋਸਟ ਵੁਮੈਨਜ਼ ਲੀਗਲ ਐਜੂਕੇਸ਼ਨ ਐਂਡ ਐਕਸ਼ਨ ਫੰਡ ਵਲੋ, ਵੈਨਕੂਵਰ ਲੋਅਰ ਮੇਨਲੈਂਡ ਵਿਚ ਵੱਸਦੀਆਂ ਬਜ਼ੁਰਗ ਔਰਤਾਂ ਨਾਲ ਮਿਲਣੀਆਂ ਕੀਤੀਆਂ ਗਈਆਂ। ਟੀਚਾ, ਇਹ ਪਤਾ ਲਗਾਉਣਾ ਸੀ ਕਿ :

- ਬਜ਼ੁਰਗ ਔਰਤਾਂ ਦੀ ਭਲਾਈ ਅਤੇ ਚੰਗੀ ਜ਼ਿੰਦਗੀ ਜਿਊਣ ਦੇ ਰਸਤੇ ਵਿਚ ਕੀ ਰੁਕਾਵਟਾਂ ਹਨ ?
- ਇਨ੍ਹਾਂ ਰੁਕਾਵਟਾਂ ਨੂੰ ਦੂਰ ਕਰਨ ਲਈ ਕੀ ਨੀਤੀਆਂ ਅਪਣਾਈਆਂ ਜਾਣ - ਕਾਨੂੰਨਾਂ ਅਤੇ ਨੀਤੀਆਂ ਵਿਚ ਬਦਲਾਅ ਲਿਆ ਕੇ, ਜਾਂ ਸਿਖਿਆ ਰਾਹੀ'।

ਸਥਾਨਕ ਸਮਾਜਕ ਸੰਗਠਨਾਂ ਵਲੋ ਦਰਿਆ-ਦਿਲੀ ਨਾਲ ਦਿਤੇ ਗਏ ਸਹਿਯੋਗ ਸਦਕਾ, ਸਾਡੇ ਵਲੋ 9 ਵੱਖ ਵੱਖ ਭਾਸ਼ਾਵਾਂ (ਅੰਗਰੇਜ਼ੀ, ਮੈਂਡਰਿਨ, ਕੈਨਟੋਨੀਜ਼, ਸਪੈਨਿਸ਼, ਪੰਜਾਬੀ, ਫਾਰਸੀ, ਦਾਰੀ, ਪੋਲਿਸ਼ ਅਤੇ ਰਸ਼ੀਅਨ) ਵਿਚ 22 ਸਲਾਹਕਾਰ ਮਿਲਣੀਆਂ ਦਾ ਆਯੋਜਨ ਕੀਤਾ ਗਿਆ। ਅਸੀ 314 ਇਸਤ੍ਰੀਆਂ ਨੂੰ ਮਿਲਕੇ, 50 ਵਿਆਂ, 60 ਵਿਆਂ, 70 ਵਿਆਂ, ਅਤੇ 80 ਵਿਆਂ, ਵਰ੍ਹਿਆਂ ਦੀਆਂ ਔਰਤਾਂ ਦੀਆਂ ਗੱਲਾਂ ਬਾਤਾਂ ਸੁਣੀਆਂ।



**ਅਸੀ ਇਨ੍ਹਾਂ ਔਰਤਾਂ ਪਾਸੋ ਉਨਾਂ ਦੀ ਭਲਾਈ ਦੇ ਰਸਤੇ ਵਿਚ ਹੇਠ ਲਿਖੀਆਂ ਰੁਕਾਵਟਾਂ ਬਾਰੇ ਉਨਾਂ ਦੇ ਵਿਚਾਰ ਜਾਣੇ :**

» ਦੁਰ-ਵਿਵਹਾਰ ਅਤੇ ਵਿਤਕਰਾ ;
» ਆਰਥਿਕ ਸੁਰੱਖਿਆ, ਗਰੀਬੀ ਅਤੇ ਪੈਨਸ਼ਨਾਂ ;
» ਕਾਨੂੰਨੀ ਪ੍ਰਬੰਧ ;
» ਪ੍ਰਵਾਰਕ ਸਥਾਨਅੰਤਰਣ ;
» ਨਿੱਜੀ ਸੁਰੱਖਿਅਤਾ ਅਤੇ ਦੁਰ ਵਿਹਾਰ ;
» ਰਿਹਾਇਸ਼ ਪ੍ਰਬੰਧ ਅਤੇ ;
» ਆਵਾਸ ;

ਔਰਤਾਂ ਨੇ ਆਪਣੇ ਤਜਰਬਿਆਂ ਨੂੰ ਬਿਆਨ ਕੀਤਾ। ਜਿਸ ਵਿਚ ਮੁਸ਼ਕਲਾਂ ਅਤੇ ਉਨਾਂ ਦੇ ਹੱਲ ਦੋਵਾਂ ਵੱਲ ਇਸ਼ਾਰਾ ਕੀਤਾ । ਗਰੀਬੀ ਅਤੇ ਗੁਰਬਤ ਦਾ ਡਰ ਇਕ ਸਭ ਤੋ ਵੱਧ ਸਾਂਝਾ ਜਰੂਰੀ ਮਸਲਾ ਸੀ, ਜਿਸ ਬਾਰੇ ਔਰਤਾਂ ਨੇ ਜ਼ਿਕਰ ਕੀਤਾ। ਇਨ੍ਹਾਂ ਔਰਤਾਂ ਦੀਆਂ ਹੱਡ ਬੀਤੀਆਂ ਵਿਚੋ, ਉਹਨਾਂ ਲਈ ਚੰਗੇਰੀ ਜਿੰਦਗੀ ਜਿਊਣ ਦੇ ਰਸਤੇ ਵਿਚ ਹੇਠ ਲਿਖੀਆਂ ਅੜਚਣਾਂ ਉਘੜ ਕੇ ਸਾਹਮਣੇ ਆਈਆਂ।

## ਕੁਝ ਖਾਸ ਭਖਦੇ ਮੁੱਦਿਆਂ ਦਾ ਸਾਰ

### ਆਮਦਨ ਦੀ ਸੁਰੱਖਿਆ, ਪੈਨਸ਼ਨਾਂ ਅਤੇ ਗਰੀਬੀ

*"ਇਹ ਕਿਉ ਹੋ ਰਿਹਾ ਹੈ? ਔਰਤਾਂ ਦੀਆਂ ਪੈਨਸ਼ਨਾਂ ਇੰਨੀਆਂ ਘੱਟ ਕਿਉ ਹਨ? ਅਜਿਹੇ ਸਿਸਟਮਜ਼ ਦਾ ਉਪਬੰਧ ਕਿਉ ਨਹੀ ਕੀਤਾ ਗਿਆ ਜਿਹੜੇ ਇਸ ਧਾਰਨਾ ਨੂੰ ਬਦਲਣ ਕਿ ਅਸੀ ਕਮਾਈ ਨਹੀ ਕੀਤੀ? ਸਮਾਂ ਆ ਗਿਆ ਹੈ ਕਿ ਅਸੀ ਵੀ ਹੁਣ ਕੁਝ ਬੋਲੀਏ।"*

» ਗਰੀਬੀ - ਬਜ਼ੁਰਗ ਔਰਤਾਂ ਘੱਟ ਆਮਦਨ ਨਾਲ ਗੁਜ਼ਾਰਾ ਕਰਨ ਲਈ ਸੰਘਰਸ਼ਸ਼ੀਲ ਹਨ।
» ਸਿਹਤ ਅਤੇ ਅਪਾਹਜਤਾ ਦੇ ਕਾਰਨਾਂ ਕਰਕੇ ਚਲਣਾ ਫਿਰਨਾ ਮੁਸ਼ਕਿਲ ਹੋ ਜਾਂਦਾ ਹੈ, ਪ੍ਰੰਤੂ ਔਰਤਾਂ ਟਰਾਂਸਪੋਰਟ ਦਾ ਖਰਚਾ ਸਹਿਣ ਕਰਨ ਤੋ ਅਸਮਰੱਥ ਹਨ।
» ਬਹੁਤ ਸਾਰੀਆਂ ਔਰਤਾਂ ਸਿਹਤ ਸੇਵਾਵਾਂ, ਦਵਾਈਆਂ ਅਤੇ ਦੰਦਾਂ ਦੀ ਸੰਭਾਲ ਦਾ ਖਰਚਾ ਬਰਦਾਸ਼ਤ ਕਰਨ ਤੋ ਅਸਮਰੱਥ ਹਨ।
» ਔਰਤਾਂ ਨੂੰ ਆਪਣੇ ਪੈਨਸ਼ਨ ਪ੍ਰਤੀ ਅਧਿਕਾਰਾਂ ਬਾਰੇ ਵਧੇਰੇ ਜਾਣਕਾਰੀ ਤੱਕ ਪਹੁੰਚ ਦੀ ਜ਼ਰੂਰਤ ਹੈ।
» ਸੀ ਪੀ ਪੀ ਡਿਸਏਬਿਲੀਟੀ ਪ੍ਰਾਪਤ ਕਰ ਰਹੀਆਂ ਔਰਤਾਂ, ਜਿਹਨਾਂ ਪਾਸ ਪੋਤਰੇ ਪੋਤਰੀ/ਦੋਹਤੇ ਦੋਹਤੀ ਆਦਿ ਦੀ ਸਪੁਰਦਗੀ ਹੈ, ਦੀ ਉਮਰ 65 ਸਾਲ ਹੋਣ ਤੇ ਉਨਾਂ ਪਾਸੋ ਸੀ ਪੀ ਪੀ ਚਾਈਲਡ ਬੈਨੀਫਿਟ ਦਾ ਲਾਭ ਖੁੱਸ ਜਾਂਦਾ ਹੈ।
» 50 ਤੋ 65 ਸਾਲ ਦੀ ਉਮਰ ਦਾ ਸਮਾਂ ਬਹੁਤ ਹੀ ਮੁਸ਼ਕਲ ਹੋ ਸਕਦਾ ਹੈ ; (ਇਸ ਉਮਰ ਵਿਚ) ਔਰਤਾਂ ਬਜ਼ੁਰਗ ਤਾਂ ਹੋ ਰਹੀਆਂ ਹੁੰਦੀਆਂ ਹਨ ਪਰ ਬਹੁਤ ਸਾਰੀਆਂ ਮੁਫ਼ਤ ਸੇਵਾਵਾਂ ਲਈ ਉਹ ਅਜੇ ਜਵਾਨ ਸਮਝੀਆਂ ਜਾਂਦੀਆਂ ਹਨ।

*"ਕਿਰਾਏ ਬਹੁਤ ਜ਼ਿਆਦਾ ਹਨ, ਸਾਨੂੰ ਵਾਰਾ ਖਾਂਦੇ ਘਰਾਂ ਦੀ ਲੋੜ ਹੈ"*

### ਰਿਹਾਇਸ਼ ਦੀ ਅਸੁਰੱਖਿਆ ਅਤੇ ਬੇਘਰਾਪਣ

» ਰਿਹਾਇਸ਼ੀ ਘਰਾਂ ਦੇ ਕਿਰਾਏ ਬਹੁਤ ਜ਼ਿਆਦਾ ਹਨ, ਅਤੇ ਔਰਤਾਂ ਦੀ ਕਮਾਈ ਦਾ ਵੱਡਾ ਹਿੱਸਾ ਕਿਰਾਏ ਵਿਚ ਨਿਕਲ ਜਾਂਦਾ ਹੈ।





- ਔਰਤਾਂ ਅਸੁਰੱਖਿਅਤ ਅਤੇ ਅਣਉਚਿਤ ਘਰਾਂ ਵਿਚ ਰਹਿ ਰਹੀਆਂ ਹਨ ਕਿਉਂਕਿ ਉਹ ਚੰਗੇ ਘਰਾਂ ਦਾ ਖਰਚਾ ਸਹਿਣ ਨਹੀ ਕਰ ਸਕਦੀਆਂ।
- ਬੀ ਸੀ ਹਾਉਸਿੰਗ ਦੀ ਅਰਜ਼ੀ ਦੀ ਵਿਧੀ ਔਰਤਾਂ ਲਈ ਸਮਝ ਤੋ ਬਾਹਰ ਹੈ ਅਤੇ ਉਹ ਆਪਣੇ ਆਪ ਨੂੰ ਨਕਾਰੀਆਂ ਗਈਆਂ ਅਤੇ ਨਜਾਇਜ਼ ਵਤੀਰੇ ਦਾ ਸ਼ਿਕਾਰ ਮਹਿਸੂਸ ਕਰਦੀਆਂ ਹਨ।

## ਜ਼ਿੰਦਗੀ ਭਰ ਪਾਲਣ ਪੋਸ਼ਣ ਕਰਨ ਦਾ ਪ੍ਰਭਾਵ, ਅਤੇ ਕੰਮ

*''ਮੈਂ ਆਪਣੇ ਪ੍ਰਵਾਰ ਵਿਚ ਰਹਿੰਦੀ ਹਾਂ, ਅਤੇ ਹਰੇਕ ਦਾ ਪਾਲਣ ਪੋਸ਼ਣ ਕਰ ਰਹੀ ਹਾਂ''*

- ਬਜ਼ੁਰਗ ਅੰਰਤਾਂ ਲਈ ਆਪਣੀ ਅਤੇ ਆਪਣੇ ਪਿਆਰਿਆਂ ਦੀ ਸੇਵਾ-ਸੰਭਾਲ ਕਰਨ ਵਿਚ ਮੁਸ਼ਕਿਲਾਂ ਹਨ।
- ਬਜ਼ੁਰਗ ਅੰਰਤਾਂ ਦੀ ਆਮਦਨ ਘੱਟ ਹੁਣ ਦਾ ਕਾਰਨ ਇਕ ਇਹ ਵੀ ਹੈ ਕਿ ਉਨਾਂ ਦਾ ਬਹੁਤਾ ਸਮਾਂ ਘਰ ਵਿਚ ਦੂਜਿਆਂ ਦੀ ਸੇਵਾ-ਸੰਭਾਲ ਵਿਚ ਲੱਗ ਜਾਂਦਾ ਹੈ।
- ਬਹੁਤ ਸਾਰੀਆਂ ਬਜ਼ੁਰਗ ਅੰਰਤਾਂ ਕੰਮ ਕਰਨਾ ਚਾਹੁੰਦੀਆਂ ਹਨ ਪਰ ਪੱਖ-ਪਾਤੀ ਵਿਤਕਰੇ ਸਮੇਤ ਹੁਰ ਵੀ ਮੁਸ਼ਕਲਾਂ ਹੁਣ ਕਰਕੇ ਉਨਾਂ ਲਈ ਕੰਮ ਤੇ ਟਿਕੇ ਰਹਿਣਾ ਅੱਖਾ ਹੁੰਦਾ ਹੈ।
- ਬਜ਼ੁਰਗ ਅੰਰਤਾਂ ਦੀ ਚਿੰਤਾ ਦਾ ਕਾਰਨ ; ਆਪਣੀ ਜ਼ਿੰਦਗੀ ਦੇ ਆਖਰੀ ਦਿਨਾਂ ਦਾ ਖਰਚਾ ਉਹ ਕਿਵੇ ਕਰਨਗੀਆਂ ? ਉਨਾਂ ਦੀ ਸੇਵਾ-ਸੰਭਾਲ ਕੌਣ ਕਰੇਗਾ ?

## ਆਵਾਸ ਨਾਲ ਜੁੜੇ ਪ੍ਰਵਾਰਕ ਉਤਾਰ-ਚੜ੍ਹਾਅ, ਅਤੇ ਦਰਪੇਸ਼ ਖਤਰੇ

*''ਜਦ ਮੈਂ ਇਥੇ ਆਈ ਤਾਂ ਮੈਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਹਸਤੀ-ਰਹਿਤ ਔਰਤ ਹੋਣ ਦਾ ਕੀ ਅਰਥ ਹੈ''*

- ਬਹੁਤ ਸਾਰੀਆਂ ਔਰਤਾਂ ਪ੍ਰਵਾਰਕ ਸਪਾਂਸਰਸ਼ਿਪ ਰਾਹੀ ਆਵਾਸ ਕਰਦੀਆਂ ਹਨ, ਪਰ ਇਥੇ ਆਉਣ ਉਪਰੰਤ ਉਹ ਆਪਣੀ ਸਿਹਤ, ਅਤੇ ਆਪਣੇ ਬੱਚਿਆਂ ਦੀ ਜ਼ਿੰਦਗੀ ਵਿਚ ਕਈ ਅਣ-ਕਿਆਸੀਆਂ ਤਬਦੀਲੀਆਂ ਵੇਖਦੀਆਂ ਹਨ ਜਿਹੜੀਆਂ ਕਸ਼ਟਦਾਇਕ ਸਾਬਤ ਹੁੰਦੀਆਂ ਹਨ।
- ਔਰਤਾਂ ਦੇ ਜੀਵਨ ਤੇ ਆਵਾਸ ਦਾ ਮਹੱਤਵਪੂਰਨ ਅਤੇ ਚਿਰ-ਸਥਾਈ ਅਸਰ ਪੈਂਦਾ ਹੈ।
- ਔਰਤਾਂ ਨੂੰ ਸਪਾਂਸਰਡ ਆਵਾਸੀ ਹੋਣ ਕਰਕੇ ਬਹੁਤ ਸਾਰੀਆਂ ਸਰਕਾਰੀ ਸਹੂਲਤਾਂ ਦਾ ਲਾਭ ਨਹੀ ਮਿਲ ਸਕਦਾ ਜਿਸ ਨਾਲ ਉਨਾਂ ਨੂੰ ਵਧੇਰੇ ਗਰੀਬੀ ਅਤੇ ਦੁਰ ਵਿਵਹਾਰ ਵਿਚੋ ਗੁਜ਼ਰਨਾ ਪੈਂਦਾ ਹੈ।
- ਪ੍ਰਵਾਰ, ਖਾਸ ਕਰਕੇ ਵੱਡੇ ਬੱਚਿਆਂ ਦਾ ਵਿਛੋੜਾ ਬਹੁਤ ਕਸ਼ਟਦਾਇਕ ਸਾਬਤ ਹੁੰਦਾ ਹੈ।

*''ਇਥੇ ਬਹੁਤ ਸਾਰੀਆਂ ਗੁੱਝੀਆਂ ਸਮੱਸਿਆਵਾਂ ਹਨ ਅਤੇ ਔਰਤਾਂ ਨੂੰ ਪਤਾ ਨਹੀ ਲਗਦਾ ਕਿ ਉਹ ਇਨ੍ਹਾਂ ਦਾ ਹੱਲ ਕਿਵੇ ਕਰਨ''*

## ਦੁਰ-ਵਿਹਾਰ ਤੋ ਮੁਕਤੀ ਅਤੇ ਸੁਰੱਖਿਅਤਾ

- ਕੁਝ ਬਜ਼ੁਰਗ ਅੰਰਤਾਂ ਧੱਸ ਦਿੱਤੇ ਜਾਣ ਅਤੇ ਅਤਿ ਦਰਜੇ ਦੇ ਨਿਰਾਦਰ ਦਾ ਸ਼ਿਕਾਰ ਹੁੰਦੀਆਂ ਹਨ।
- ਕੁਝ ਬਜ਼ੁਰਗ ਅੰਰਤਾਂ ਲਈ ਅਜਿਹੀ ਦੁਰ-ਵਿਹਾਰ ਵਾਲੀ ਸਥਿਤੀ ਵਿਚੁੰ ਨਿਕਲਣਾ ਵੀ ਖਾਸਾ ਮੁਸ਼ਕਿਲ ਹੁੰਦਾ ਹੈ।
- ਬਹੁਤ ਸਾਰੀਆਂ ਅੰਰਤਾਂ ਨੂੰ ਘੱਟ ਫਾਇਦੇ ਵਾਲੀਆਂ ਸਿਹਤ ਬੀਮਾ ਯੁਜਨਾਵਾਂ ਜਾਂ ਹੁਰ ਅਜਿਹੇ ਉਤਪਾਦ ਖਰੀਦਣ ਲਈ ਮਜਬੂਰ ਕੀਤਾ ਜਾਂਦਾ ਹੈ ਜੁ ਕਿ ਉਹ ਨਹੀ ਲੈਣਾ ਚਾਹੁੰਦੀਆਂ ਹੁੰਦੀਆਂ।
- ਬਹੁਤ ਸਾਰੀਆਂ ਅੰਰਤਾਂ ਨੂੰ ਪ੍ਰਵਾਰ ਵਲੁ ਆਰਥਿਕ ਦੁਰ-ਵਿਵਹਾਰ ਅਤੇ ਕਬਜ਼ੇ ਵਿਚ ਰੱਖਣ ਵਰਗੀਆਂ ਮੁਸ਼ਕਲਾਂ ਸਹਿਣੀਆਂ ਪੈਂਦੀਆਂ ਹਨ।
- ਬਜ਼ੁਰਗ ਅੰਰਤਾਂ ਨੂੰ ਮੁਖਤਾਰ-ਨਾਮੇ ਤੇ ਦਸਤਖ਼ਤ ਕਰਨ ਲਈ ਬਹੁਤ ਜ਼ਿਆਦਾ ਦਬਾਅ ਪਾਇਆ ਜਾਂਦਾ ਹੈ, ਪ੍ਰੰਤੂ ਉਨਾਂ ਦਾ ਪੈਸਾ ਉਨਾਂ ਦੀਆਂ ਅੱਖਾਂ ਤੁ ਪਰ੍ਹੇ ਕਿਵੇ ਖਰਚ ਕੀਤਾ ਜਾਵੇਗਾ, ਇਸ ਗੱਲ ਦਾ ਡਰ ਉਨਾਂ ਨੂੰ ਸਤਾਉਂਦਾ ਰਹਿੰਦਾ ਹੈ।




- ਕੁਝ ਬਜ਼ੁਰਗ ਅੰਰਤਾਂ ਮਹਿਸੂਸ ਕਰਦੀਆਂ ਹਨ ਕਿ ਉਨਾਂ ਦੀਆਂ ਸਮੁਦਾਵਾਂ ਸੁਰੱਖਿਅਤ ਨਹੀ ਹਨ।
- ਬਜ਼ੁਰਗਾਂ ਪ੍ਰਤੀ ਦੁਰ ਵਿਹਾਰ ਅਤੇ ਪ੍ਰਵਾਰਕ ਕਲੇਸ਼ ਕਾਰਨ, ਬਜ਼ੁਰਗ ਅੰਰਤਾਂ ਦਾ ਆਪਣੇ ਪ੍ਰਤੇ/ਪ੍ਰਤੀਆਂ, ਦ੍ਹਤੇ/ਦ੍ਹਤੀਆਂ ਨਾਲ਼ ਨਾਤਾ ਟੁੱਟ ਜਾਂਦਾ ਹੈ।



*"ਇਨਸਾਫ਼ ਪ੍ਰਣਾਲੀ ਬਹੁਤ ਮੱਧਮ-ਰਫਤਾਰ, ਭੰਬਲ-ਭੂਸੇ ਵਾਲੀ ਅਤੇ ਮਹਿੰਗੀ ਹੈ"*

## ਇਨਸਾਫ਼ ਅਤੇ ਜਾਣਕਾਰੀ ਤੱਕ ਪਹੁੰਚ

- ਬਹੁਤ ਸਾਰੀਆਂ ਅੰਰਤਾਂ ਨੂੰ ਆਪਣੇ ਪ੍ਰਤੇ/ਪ੍ਰਤੀਆਂ, ਦ੍ਹਤੇ/ਦ੍ਹਤੀਆਂ ਨਾਲ ਸਬੰਧ ਬਣਾਏ ਰੱਖਣ ਲਈ ਉਨਾਂ ਦੇ ਹੱਕਾਂ ਜਾਂ ਵਿਕਲਪਾਂ ਬਾਰੇ ਜਾਣਕਾਰੀ ਦੀ ਜ਼ਰੂਰਤ ਹੈ।
- ਅੰਰਤਾਂ ਨੂੰ ਜਦ੍ ਲੜ੍ਹ ਹ੍ਵੇ, ਕਾਨੂੰਨੀ ਸਹਾਇਤਾ ਪ੍ਰਾਪਤ ਨਹੀ ਹ੍ ਸਕਦੀ ਅਤੇ ਬਹੁਤ ਸਾਰੀਆਂ ਇਨਸਾਫ਼ ਪ੍ਰਣਾਲੀ ਨੂੰ ਭੰਬਲ-ਭੂਸੇ ਵਾਲੀ ਸਮਝਦੀਆਂ ਹਨ।
- ਜਿਨ੍ਹਾਂ ਅੰਰਤਾਂ ਦੀ ਅੰਗਰੇਜ਼ੀ ਦੀ ਮੁਹਾਰਤ ਸੀਮਤ ਹੈ ਉਹਨਾਂ ਨੂੰ ਜਾਣਕਾਰੀ ਤੱਕ ਪਹੁੰਚਣਾ ਮੁਸ਼ਕਲ ਹੁੰਦਾ ਹੈ।
- ਬਹੁਤ ਸਾਰੀਆਂ ਸਮੁਦਾਵਾਂ ਆਪਣੇ ਹੱਕਾਂ ਬਾਰੇ ਸਾਦੀ ਅਤੇ ਸਰਲ ਭਾਸ਼ਾ ਵਿਚ ਲਿਖੇ ਦਸਤਾਵੇਜਾਂ ਦੀ ਜ਼ਰੂਰਤ ਬਾਰੇ ਜ਼ੋਰ ਪਾ ਰਹੀਆਂ ਹਨ।
- ਬਹੁਤ ਸਾਰੀਆਂ ਬਜ਼ੁਰਗ ਅੰਰਤਾਂ ਨੂੰ  ਸਿਹਤ ਸੇਵਾਵਾਂ ਦੇਣ ਵਾਲੇ ਵਰਕਰਾਂ ਵਲ਼ ਮਾੜਾ ਵਰਤਾਉ ਕੀਤੇ ਜਾਣ ਬਾਰੇ ਸ਼ਿਕਾਇਤਾਂ ਹਨ।
- 80 ਸਾਲ ਤ੍ ਵੱਧ ਉਮਰ ਦੇ ਬਜ਼ੁਰਗਾਂ ਲਈ ਜ੍ ਨਵਾਂ ਕਾਨੂੰਨੀ ਟੈਸਟ ਜਰੂਰੀ ਕੀਤਾ ਗਿਆ ਹੈ ਉਸਨੂੰ ਬਹੁਤ ਹੀ ਬੇ-ਰੁਖੀ ਅਤੇ ਉਮਰ-ਅਧਾਰਤ ਸੰਦਰਭ ਵਿਚ ਜਬਰੀ ਲਾਗੂ ਕੀਤਾ ਜਾ ਰਿਹਾ ਹੈ।
- ਇਨਕਮ ਅਸਿਸਟੈਂਸ ਦੇਣ ਵਾਲਾ ਅਮਲਾ ਗੈਰ-ਹਮਦਰਦਾਨਾ ਅਤੇ ਬੇਰਹਿਮ ਹ੍ ਸਕਦਾ ਹੈ।




## ਬਦਲਾਅ ਲਈ ਨੀਤੀਆਂ

ਸੀ ਸੀ ਈ ਐਲ ਵਲੋਂ ਔਰਤਾਂ ਦੁਆਰਾ ਦੱਸੀਆਂ ਗਈਆਂ ਮੁਸ਼ਕਲਾਂ ਦੇ ਹੱਲ ਲਈ ਹੇਠ ਅਨੁਸਾਰ ਨੀਤੀਆਂ ਤਜਵੀਜ ਕੀਤੀਆਂ ਗਈਆਂ ਹਨ :

## ਆਮਦਨ ਵਲੋਂ ਸੁਰੱਖਿਆ , ਪੈਨਸ਼ਨਾਂ ਅਤੇ ਗਰੀਬੀ

- ਬਜ਼ੁਰਗ ਅੰਰਤਾਂ ਵਿਚ ਲਿੰਗ-ਅਧਾਰਤ ਗਰੀਬੀ ਦੇ ਮੁੱਦੇ ਦਾ ਅਧਿਐਨ ਕੀਤਾ ਜਾਵੇ ਅਤੇ ਇਸ ਦਾ ਹੱਲ ਲੱਭਿਆ ਜਾਵੇ।
- ਇਨਕਮ ਅਸਿਸਟੈਂਸ ਅਤੇ ਬਜ਼ੁਰਗਾਂ ਲਈ ਓਲਡ ਏਜ ਸਿਕਉਰਟੀ ਦੀਆਂ ਦਰਾਂ ਵਧਾਈਆਂ ਜਾਣ ।
- ਓਲਡ ਏਜ ਸਿਕਉਰਟੀ ਲਈ ਯ੍ਹਗਤਾ ਦੀ ਹੱਦ 65 ਸਾਲ ਦੀ ਉਮਰ ਤ੍ ਬਾਦ ਤੱਕ ਵਧਾਏ ਜਾਣ ਵਾਲੀ ਯ੍ਹਜਨਾ ਵਾਪਸ ਲਈ ਜਾਵੇ।
- ਜਿਹੜੇ ਦਾਦਾ/ਦਾਦੀ ਜਾਂ ਨਾਨਾ/ਨਾਨੀ, ਪ੍ਰਤੇ/ਪ੍ਰਤੀਆਂ ਜਾਂ ਦ੍ਹਤੇ/ਦ੍ਹਤੀਆਂ ਨੂੰ ਪਾਲ ਰਹੇ ਹਨ ਉਨਾਂ ਲਈ ਵਿੱਤੀ ਸਹਾਇਤਾ ਵਧਾ ਦਿੱਤੀ ਜਾਵੇ।
- ਖ਼ ਕੈਨੇਡਾ ਪੈਨਸ਼ਨ ਪਲਾਨ ਐਕਟ ਚਾਈਲਡ ਬੈਨੀਫਿਟ ਪ੍ਰੋਵੀਜ਼ਨ ਵਿਚ ਅਜਿਹੀ ਤਰਮੀਮ ਕੀਤੀ ਜਾਵੇ ਤਾਂ ਜੋ ਅਪਾਹਜਤਾ ਵਾਲੀਆਂ ਬਜ਼ੁਰਗ ਔਰਤਾਂ, ਜਿਹਨਾਂ ਪਾਸ ਪੋਤੇ/ਪੋਤੀਆਂ, ਦੋਹਤੇ/ਦੋਹਤੀਆਂ ਦੀ ਸਪੁਰਦਾਰੀ ਹੈ, ਦਾ 65 ਸਾਲ ਦੀ ਉਮਰ ਹੋਣ ਤੇ ਵੀ ਚਾਈਲਡ ਬੈਨੀਫਿਟ ਬੰਦ ਨਾ ਹੋਵੇ।
- ਬਜ਼ੁਰਗ ਅੰਰਤਾਂ ਲਈ ਹੈਲਥ ਕੇਅਰ, ਦਵਾਈਆਂ ਅਤੇ ਡੈਂਟਲ ਕੇਅਰ ਤੱਕ ਪਹੁੰਚ ਅਸਾਨ ਕੀਤੀ ਜਾਵੇ।



## ਰਿਹਾਇਸ਼ ਦੀ ਅਸੁਰੱਖਿਆ ਅਤੇ ਬੇਘਰਾਪਣ

- ਬਜ਼ੁਰਗ ਅੰਰਤਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿਚ ਰੱਖਦੇ ਹੁਏ ਅਫ਼ਰਡੇਬਲ ਆਵਾਸ ਨੀਤੀ ਤਿਆਰ ਕੀਤੀ ਜਾਵੇ।
- ਬੀ ਸੀ ਹਾਊਸਿੰਗ ਵਲ਼ ਦਿੱਤੀ ਜਾਂਦੀ ਸੇਵਾ ਵਿਚ ਸੁਧਾਰ ਲਿਆਂਦਾ ਜਾਵੇ।

## ਜ਼ਿੰਦਗੀ ਭਰ ਪਾਲਣ-ਪ੍ਸ਼ਣ ਕਰਨ ਦਾ ਪ੍ਰਭਾਵ ਅਤੇ ਕੰਮ

- ਕੈਨੇਡਾ ਪੈਨਸ਼ਨ ਪਲਾਨ ਐਕਟ ਵਿਚ ਸੁਧ ਕਰਦੇ ਹੁਏ ਬਿਨਾਂ ਤਨਖਾਹ ਤੁ ਪਾਲਣ-ਪ੍ਸ਼ਣ ਨੂੰ ਮਾਨਤਾ ਦਿੱਤੀ ਜਾਵੇ - ਅਤੇ ਇਸ ਵਿਚ ਚਾਈਲਡ ਰੀਅਰਿੰਗ ਪ੍ਰੀਜ਼ਨ ਵਾਕੂੰ ਡਰਾਪ-ਆਊਟ ਪ੍ਰੀਜ਼ਨ ਦੀ ਵਿਵਸਥਾ ਵੀ ਸ਼ਾਮਲ ਕੀਤੀ ਜਾਵੇ, ਜਿਹੜੀ ਕਿ ਪੂਰਾ ਸਮਾਂ ਪ੍ਰਵਾਰਕ ਪਾਲਣ- ਪ੍ਸ਼ਣ ਦੇ ਸਾਰੇ ਸਾਲਾਂ ਤੇ ਲਾਗੂ ਹੁਵੇ।
- ਬਜ਼ੁਰਗ ਅੰਰਤਾਂ ਤੇ ਭਾਰ ਘਟਾਉਣ ਲਈ, ਬੱਚਿਆਂ ਦੀ ਸੰਭਾਲ ਲਈ ''ਬੱਚਿਆਂ ਦੀ ਸੰਭਾਲ ਬਾਰੇ ਨੀਤੀ'' ਤਿਆਰ ਕੀਤੀ ਜਾਵੇ।
- ਸੇਵਾ ਸੰਭਾਲ ਦਾ ਕੰਮ ਕਰਨ ਵਾਲੀਆਂ ਬਜ਼ੁਰਗ ਅੰਰਤਾਂ ਦੀ ਸਹਾਇਤਾ ਵਿਚ ਵਾਧਾ ਕੀਤਾ ਜਾਵੇ।

## ਆਵਾਸ ਨਾਲ ਜੁੜੇ ਪ੍ਰਵਾਰਕ ਉਤਾਰ-ਚੜ੍ਹਾਅ ਅਤੇ ਦਰਪੇਸ਼ ਖ਼ਤਰੇ

- ਆਵਾਸ ਦੇ ਸਮੇਂ ਹੀ, ਘਰੇਲੂ ਹਿੰਸਾ ਅਤੇ ਵਿੱਤੀ ਦੁਰਵਿਵਹਾਰ ਵਰਗੇ ਮੁੱਦਿਆਂ ਬਾਰੇ, ਜਾਣਕਾਰੀ ਤੱਕ ਪਹੁੰਚ ਵਧਾਈ ਜਾਵੇ।
- ਬਜ਼ੁਰਗ ਸਪਾਂਸਰਡ ਅੰਰਤਾਂ ਦੀ ਸਹਾਇਤਾ ਵਿਚ ਵਾਧਾ ਕੀਤਾ ਜਾਵੇ।
- ਜਿਹੜੇ ਲ਼ਕ ਆਪਣੇ ਬਜ਼ੁਰਗ ਪ੍ਰਵਾਰਕ ਮੈਂਬਰਾਂ ਨੂੰ ਸਪਾਂਸਰ ਕਰਦੇ ਹਨ, ਉਨਾਂ ਨੂੰ ਇਨ੍ਹਾਂ ਬਜ਼ੁਰਗਾਂ ਪ੍ਰਤੀ ਉਨਾਂ ਦੀਆਂ ਬਣਦੀਆਂ ਜ਼ਿੰਮੇਵਾਰੀਆਂ ਤੁ ਵੀ ਜਾਣੂ ਕਰਾਇਆ ਜਾਵੇ, ਸਮੇਤ ਇਸ ਜ਼ਿੰਮੇਵਾਰੀ ਦੇ ਕਿ ਉਨਾਂ ਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਜਿਨ੍ਹਾਂ ਬਜ਼ੁਰਗਾਂ ਨੂੰ ਉਹ ਸਪਾਂਸਰ ਕਰ ਰਹੇ ਹਨ, ਉਨਾਂ ਨੂੰ ਉਚਿਤ ਸਿਹਤ ਸਬੰਧੀ ਸਹਾਇਤਾ ਅਤੇ ਦਵਾਈਆਂ ਆਦਿ ਮਿਲਦੀਆਂ ਰਹਿਣਗੀਆਂ। ਉਹ ਦੁਰ-ਵਿਵਹਾਰ ਤੁ ਸੁਰੱਖਿਅਤ ਰਹਿਣਗੇ, ਅਤੇ ਉਹਨਾਂ ਤੇ ਵਧੇਰੇ ਘਰੇਲੂਕੰਮ ਲਈ ਅਤੇ ਬੱਚਿਆਂ ਦੀ ਸੰਭਾਲ ਕਰਨ ਹਿਤ ਦਬਾਅ ਨਹੀ ਪਾਇਆ ਜਾਵੇਗਾ।



## ਦੁਰ-ਵਿਹਾਰ ਤੋਂ ਮੁਕਤੀ ਅਤੇ ਸੁਰੱਖਿਅਤਾਂ

» ਬਜ਼ੁਰਗ ਅੰਰਤਾਂ ਨੂੰ ਧੰਸ ਦਿਤੇ ਜਾਣ ਤ਼ ਬਚਾਅ ਕਰਨ ਲਈ ਤਰੀਕੇ ਦੱਸੇ ਜਾਣ ਅਤੇ ਸਹਾਇਤਾ ਦਿੱਤੀ ਜਾਵੇ।
» ਸਪਾਂਸਰਡ ਆਵਾਸੀਆਂ ਨੂੰ ਵੀ ਸਰਕਾਰੀ ਸਹਾਇਤਾ ਪ੍ਰਾਪਤ ਸਹੂਲਤਾਂ ਤੱਕ ਪਹੁੰਚ ਕਰਾਈ ਜਾਵੇ।
» ਬਜ਼ੁਰਗ ਅੰਰਤਾਂ ਨਾਲ ਕੀਤੇ ਜਾਂਦੇ ਹਰ ਤਰ੍ਹਾਂ ਦੇ ਦੁਰ-ਵਿਵਹਾਰ ਨੂੰ ਠੱਲ੍ਹ ਪਾਈ ਜਾਵੇ, ਸਮੇਤ ਸਰਕਾਰੀ ਦਫਤਰਾਂ ਵਲ਼ ਕੀਤੇ ਜਾਂਦੇ ਮਾੜੇ ਵਰਤਾਉ ਦੇ।
» ਅਜਿਹੀ ਨੀਤੀ ਤਿਆਰ ਕੀਤੀ ਜਾਵੇ ਜਿਹੜੀ ਬਜ਼ੁਰਗਾਂ ਅੰਰਤਾਂ ਨੂੰ ਦੁਰ-ਵਿਵਹਾਰ ਕਰਨ ਵਾਲੇ ਰਿਸ਼ਤੇਦਾਰਾਂ ਤ਼ ਨਿਜਾਤ ਦਿਵਾਉਣ ਵਿਚ ਮਦਦ ਕਰੇ ।

## ਇਨਸਾਫ਼ ਅਤੇ ਜਾਣਕਾਰੀ ਤੱਕ ਪਹੁੰਚ

» ਆਮ ਜਨਤਾ ਨੂੰ ਸਿਖਿਅਤ ਕਰਨ ਹਿੱਤ ਨੀਤੀਆਂ ਯਕੀਨੀ ਬਣਾਈਆਂ ਜਾਣ ਅਤੇ ਇਸ ਵਿਚ ਵਾਜਬ ਭਾਸ਼ਾਵਾਂ ਵਿਚ ਰੂ-ਬ-ਰੂ ਕਾਨੂੰਨੀ ਸਹਾਇਤਾ ਦਿੱਤੀ ਜਾਣੀ ਵੀ ਸ਼ਾਮਲ ਕੀਤੀ ਜਾਵੇ।
» ਬਜ਼ੁਰਗ ਔਰਤਾਂ ਨੂੰ ਬਤੌਰ ਦਾਦੀ/ਨਾਨੀ ਉਨਾਂ ਦੇ ਬਣਦੇ ਹੱਕਾਂ ਅਤੇ ਉਪਲਬਧ ਵਿਕਲਪਾਂ ਬਾਰੇ ਸਿਖਿਅਤ ਕੀਤਾ ਜਾਵੇ।
» ਸਮੇਤ ਕਾਨੂੰਨੀ ਮਦਦ ਦੇ ਕਾਨੂੰਨੀ ਸਹਾਇਤਾ ਅਤੇ ਕਾਨੂੰਨੀ ਮਸ਼ਵਰੇ ਤੱਕ ਪਹੁੰਚ ਵਿਚ ਸੁਧਾਰ ਕੀਤਾ ਜਾਵੇ।
» ਕੰਮ ਦੇ ਸਥਾਨ ਤੇ ਉਮਰ ਦੇ ਲਿਹਾਜ਼ ਨਾਲ ਹੁੰਦਾ ਪੱਖ ਪਾਤੀ ਵਿਤਕਰਾ ਦੂਰ ਕਰਾਇਆ ਜਾਵੇ ਅਤੇ ਬਜ਼ੁਰਗ ਔਰਤਾਂ ਨੂੰ ਨੌਕਰੀ ਲੈਣ ਲਈ ਦਰਪੇਸ਼ ਮੁਸ਼ਕਲਾਂ ਦਾ ਹੱਲ ਲੱਭਿਆ ਜਾਵੇ।
» ਪਬਲਿਕ ਟਰਾਂਜਿਟ ਵਿਚ ਔਰਤਾਂ ਲਈ ਸੀਟਾਂ ਤੱਕ ਪਹੁੰਚ ਸੁਖਾਲੀ ਕਰਾਉਣ ਹਿਤ ਜਾਗਰੂਕਤਾ ਅਭਿਆਨ ਚਲਾਇਆ ਜਾਵੇ।
» ਵੈਲਫੇਅਰ ਦਫ਼ਤਰਾਂ ਵਿਚ ਬਜ਼ੁਰਗ ਔਰਤਾਂ ਪ੍ਰਤੀ ਵਤੀਰੇ ਵਿਚ ਸੁਧਾਰ ਕਰਾਇਆ ਜਾਵੇ।





## ਅਗਲੇ ਕਦਮ : ਸਾਂਝ ਪਾਉਣੀ ਹੀ ਕਾਫ਼ੀ ਨਹੀ

*''ਅਸੀ ਕਾਰਵਾਈ ਚਾਹੁੰਦੀਆਂ ਹਾਂ''*

ਮੁਸ਼ਕਿਲਾਂ ਅਤੇ ਅੜਚਣਾਂ ਤੇ ਜ਼ੋਰ ਦੇਣ ਦੇ ਬਾਵਜੂਦ, ਇਸ ਪ੍ਰਾਜੈਕਟ ਦੇ ਦੌਰਾਨ ਬਜ਼ੁਰਗ ਔਰਤਾਂ ਨੇ ਤਾਕਤ, ਨਰਮੀ, ਹਿੰਮਤ ਅਤੇ ਆਸ਼ਾਵਾਦ ਦਾ ਮੁਜ਼ਾਹਰਾ ਕੀਤਾ। ਬਜ਼ੁਰਗ ਔਰਤਾਂ ਨੇ ਇਸ ਪ੍ਰਾਜੈਕਟ ਵਿਚ ਆਪਣੀ ਜਾਣਕਾਰੀ ਸਾਂਝੀ ਕਰਨ ਅਤੇ ਬਦਲਾਅ ਵਿੱਚ ਹਿੱਸਾ ਪਾਉਣ ਹਿਤ ਭਾਗ ਲਿਆ। ਕਾਨੂੰਨਾਂ ਅਤੇ ਨੀਤੀਆਂ ਵਿਚ ਸੁਧਾਰ ਕਿਵੇ ਲਿਆਂਦੇ ਜਾਣ, ਇਸ ਬਾਰੇ ਉਨ੍ਹਾਂ ਪਾਸ ਬਹੁਤ ਵਿਕਲਪ ਹਨ।

ਅਸੀ ਬਜ਼ੁਰਗ ਔਰਤਾਂ ਅਤੇ ਉਨ੍ਹਾਂ ਦੀਆਂ ਸਮੁਦਾਵਾਂ ਨੂੰ ਤਾਕਤਵਰ ਅਤੇ ਦ੍ਰਿੜ ਬਣਾਉਣ ਅਤੇ ਉਨਾਂ ਦੀ ਜ਼ਿੰਦਗੀ ਨੂੰ ਚੰਗੇਰਾ ਬਣਾਉਣ ਵਾਲੇ ਕਾਨੂੰਨਾਂ ਅਤੇ ਨੀਤੀ ਵਿਚਾਰਾਂ ਵਿਚ ਸੁਧਾਰ ਲਿਆਉਣ ਲਈ, ਉਨਾਂ ਨਾਲ ਲਗਾਤਾਰ ਕੰਮ ਕਰਨ ਲਈ ਉਤਾਵਲੇ ਹਾਂ।

ਇਸ ਪ੍ਰਾਜੈਕਟ ਬਾਰੇ ਹੋਰ ਜਾਨਣ ਲਈ ਵੈਬਸਾਈਟ ਵੇਖੋ।

## ਤੁਸੀਂ ਕੀ ਕਰ ਸਕਦੇ ਹੋ

ਹੇਠਾਂ ਕੁਝ ਢੰਗ ਦੱਸੇ ਗਏ ਹਨ ਜਿਨ੍ਹਾਂ ਅਨੁਸਾਰ ਕਾਰਵਾਈ ਕਰਦੇ ਹੋਏ ਤੁਸੀ ਆਪਣੀ ਸਮੁਦਾਏ ਵਿਚ ਬਜ਼ੁਰਗ ਔਰਤਾਂ ਦੀ ਮਦਦ ਕਰ ਸਕਦੇ ਹੋ :

» ਬਹੁਤ ਸਾਰੀਆਂ ਔਰਤਾਂ ਆਪਣੇ ਆਪ ਨੂੰ ਅਦਿੱਖ ਅਤੇ ਬੇਕਦਰੀਆਂ ਮਹਿਸੂਸ ਕਰਦੀਆਂ ਹਨ। ਆਪਣੇ ਪ੍ਰਵਾਰ ਅਤੇ ਸਮੁਦਾਏ ਵਿਚ ਬਜ਼ੁਰਗ ਔਰਤਾਂ ਦੀ ਗੱਲ ਸੁਣੋ, ਉਨ੍ਹਾਂ ਵੱਲ ਧਿਆਨ ਦਿਉ ਅਤੇ ਉਨ੍ਹਾਂ ਦਾ ਸਨਮਾਨ ਕਰੋ। ਬਜ਼ੁਰਗ ਔਰਤਾਂ ਪਾਸ ਵੰਡਣ ਲਈ ਬਹੁਤ ਸਿਆਣਪਾਂ ਹੁੰਦੀਆਂ ਹਨ।

» ਸਾਡੀਆਂ ਸਮੁਦਾਵਾਂ ਵਿਚ ਬੜੀਆਂ ਬਜ਼ੁਰਗ ਔਰਤਾਂ ਹੁੰਦੀਆਂ ਹਨ ਜੋ ਕਿ ਬਤੌਰ ਮਾਤਾਵਾਂ, ਦਾਦੀਆਂ, ਭੈਣਾਂ, ਫ਼ਿਕਰਮੰਦ ਗੁਆਂਢਣਾਂ ਅਤੇ ਸਵੈ-ਸੇਵਕਾਵਾਂ, ਸਖ਼ਤ ਮਿਹਨਤ ਕਰਦੀਆਂ ਹਨ। ਆਪਣੇ ਪ੍ਰਵਾਰਾਂ ਅਤੇ ਸਮੁਦਾਵਾਂ ਵਿਚ ਬਜ਼ੁਰਗ ਔਰਤਾਂ ਦੀ ਖੁੱਲ-ਦਿਲੀ ਦਾ ਕਦੇ ਵੀ ਨਜ਼ਾਇਜ਼ ਫਾਇਦਾ ਨਾ ਲਵੋ। ਇਸ ਗੱਲ ਨੂੰ ਯਕੀਨੀ ਬਣਾਉ ਕਿ ਬਜ਼ੁਰਗ ਔਰਤਾਂ ਪਾਸ ਸਹੀ ਵਿਕਲਪ ਅਤੇ ਪੂਰਨ ਆਜ਼ਾਦੀ ਹੋਵੇ ਕਿ ਉਹ ਚੋਣ ਕਰ ਸਕਣ ਕਿ ਉਨ੍ਹਾਂ ਨੇ ਮਦਦ ਲੈਣੀ ਹੈ ਜਾਂ ਨਹੀ।

» ਬਜ਼ੁਰਗ ਔਰਤਾਂ ਲਈ ਡੈਂਟਲ ਕੇਅਰ ਅਤੇ ਕਾਨੂੰਨੀ ਮਸ਼ਵਰਾ ਆਦਿ ਸੇਵਾਵਾਂ ਤੱਕ ਪਹੁੰਚ ਮੁਸ਼ਕਲ ਹੁੰਦੀ ਹੈ – ਆਪਣੀਆਂ ਪੇਸ਼ੇਵਾਰਾਨਾ ਸੇਵਾਵਾਂ ਕਿਸੇ ਸਥਾਨਕ ਸੰਸਥਾ ਰਾਹੀਂ ਸਵੈ ਸੇਵਕ ਰੂਪ ਵਿਚ ਦੇਣ ਬਾਰੇ ਵਿਚਾਰ ਕਰੋ।

» ਕੀ ਤੁਹਾਡੀ ਸਥਾਨਕ ਸਰਕਾਰ ਬਜ਼ੁਰਗ ਔਰਤਾਂ ਦੀਆਂ ਮੁਸ਼ਕਲਾਂ ਦੇ ਸਮਾਧਾਨ ਵਲ ਧਿਆਨ ਦੇ ਰਹੀ ਹੈ? ਇਸ ਰਿਪੋਰਟ ਵਿਚ ਦਰਸਾਈਆਂ ਗਈਆਂ ਸਿਫ਼ਾਰਸ਼ਾਂ ਤੇ ਕਾਰਵਾਈ ਲਈ ਉਨ੍ਹਾਂ ਨੂੰ ਕਹੋ।

» ਕੀ ਆਪ ਦੀ ਸੰਸਥਾ ਜਾਂ ਵਪਾਰਕ ਅਦਾਰਾ ਬਜ਼ੁਰਗ ਔਰਤਾਂ ਨੂੰ ਜੀ ਆਇਆਂ ਕਹਿੰਦਾ ਹੈ ਅਤੇ ਉਨ੍ਹਾਂ ਦੀਆਂ ਚਿੰਤਾਵਾਂ ਪ੍ਰਤੀ ਹੁੰਗਾਰਾ ਭਰਦਾ ਹੈ? ਆਪਣੀਆਂ ਸੇਵਾਵਾਂ ਅਤੇ ਕਾਰਜਸ਼ੈਲੀਆਂ ਦੀ ਪੜਚੋਲ ਕਰੋ ਅਤੇ ਇਹ ਯਕੀਨੀ ਬਣਾਉ ਕਿ ਆਪਦੀ ਏਜੰਸੀ ਬਜ਼ੁਰਗ ਔਰਤਾਂ ਦੀਆਂ ਜਰੂਰਤਾਂ ਅਤੇ ਮੁਸ਼ਕਲਾਂ ਦਾ ਸਮਾਧਾਨ ਕਰ ਰਹੀ ਹੈ।

» ਕੀ ਤੁਸੀਂ ਨੀਤੀ-ਘਾੜੇ ਜਾਂ ਕਾਨੂੰਨ-ਘਾੜੇ ਹੋ? ਯਕੀਨੀ ਬਣਾਉ ਕਿ ਤੁਹਾਡੀ ਨੀਤੀਆਂ ਅਤੇ ਕਾਨੂੰਨਾਂ ਦੀ ਸਮੀਖਿਆ, ਬਜ਼ੁਰਗ ਔਰਤਾਂ ਤੇ ਪੈ ਰਹੇ ਵਿਸ਼ੇਸ਼ ਪ੍ਰਭਾਵਾਂ ਦੀ ਤਲਾਸ਼ ਕਰਦੀ ਹੈ। ਅਜਿਹੀਆਂ ਪਹਿਲ਼ ਕਦਮੀਆਂ ਨੂੰ ਅੱਗੇ ਲਿਆਉ ਜਿਹੜੀਆਂ ਕਾਨੂੰਨਾਂ ਅਤੇ ਨੀਤੀਆਂ ਵਿਚ ਰਹਿ ਗਏ ਪਾੜਿਆਂ ਨੂੰ ਦੂਰ ਕਰਨ , ਜਿਨਾਂ ਕਰਕੇ ਬਜ਼ੁਰਗ ਔਰਤਾਂ ਦੀਆਂ ਮੁਸ਼ਕਿਲਾਂ ਦੀ ਅਣ-ਦੇਖੀ ਹੋ ਰਹੀ ਹੋਵੇ ।

» ਕੀ ਇਸ ਪਰਚੇ ਵਿਚ ਵਿਚਾਰੇ ਗਏ ਮੁੱਦਿਆਂ ਬਾਰੇ ਤੁਹਾਡੇ ਵਿਚ ਕੋਈ ਗਰਮਜੋਸ਼ੀ ਹੈ? ਆਪਣੀ ਸਥਾਨਕ, ਪ੍ਰਦੇਸ਼ਕ ਜਾਂ ਫੈਡਰਲ ਸਰਕਾਰ ਨੂੰ ਕਿਸੇ ਅਜਿਹੇ ਗੰਭੀਰ ਮੁੱਦੇ ਤੇ ਤੁਰੰਤ ਕਾਰਵਾਈ ਕਰਨ ਲਈ ਲਿਖੋ ਜੋ ਬਜ਼ੁਰਗ ਔਰਤਾਂ ਨੂੰ ਪ੍ਰਭਾਵਤ ਕਰ ਰਿਹਾ ਹੋਵੇ।

» ਕੀ ਤੁਸੀ ਕਿਸੇ ਸਮਾਜਕ ਜਾਂ ਸਮੁਦਾਇਕ ਸੇਵਾਵਾਂ ਲਈ ਕੰਮ ਕਰਦੇ ਹੋ ਜਾਂ ਸਵੈ-ਸੇਵਾ ਕਰਦੇ ਹੋ? ਆਪਣੇ ਆਪ ਨੂੰ ਬਜ਼ੁਰਗ ਔਰਤਾਂ ਦੀਆਂ ਮੁਸ਼ਕਲਾਂ ਬਾਰੇ ਸਿਖਿੱਅਤ ਕਰੋ ਤਾਂ ਕਿ ਤੁਸੀ ਵਧੀਆਂ ਸੇਵਾਵਾਂ ਪ੍ਰਦਾਨ ਕਰ ਸਕੋ।

**ਇਹ ਪ੍ਰਾਜੈਕਟ ਯੂਨਾਈਟਿਡ ਵੇਅ ਲ਼ਅਰ ਮੇਨਲੈਂਡ ਦੁਆਰਾ ਦਿੱਤੀ ਗਈ ਰਾਸ਼ੀ ਨਾਲ ਸੰਭਵ ਹ਼ ਸਕਿਆ।**

ਇਹ ਪਰਚਾ, ''ਉਲਡਰ ਵੁਮੈਨਜ਼ ਡਾਇਲਾਗ ਪ੍ਰਾਜੈਕਟ'' (ਯੂਅਰ ਵਰਡਜ਼ ਆਰ ਵਰਥ ਸਮਥਿੰਗ) ਦੀ ਪਹਿਲੇ ਸਾਲ ਦੀ ਪੂਰੀ ਰਿਪੋਰਟ ਦਾ ਸੰਖੇਪ ਸਾਰ ਹੈ। ਪੂਰੀ ਰਿਪੋਰਟ ਅਤੇ ਇਸ ਪ੍ਰਾਜੈਕਟ ਬਾਰੇ ਵਧੇਰੇ ਜਾਣਕਾਰੀ ਲੈਣ ਲਈ :

**http://www.bcli.org/ccel/projects/older-women-dialogue-project**
ਤੇ ਜਾਉ।